# ਘਰ ਵਿੱਚ ਸੀਸੇ ਵਾਲੇ ਪੇਂਟ ਦੇ ਜੋਖ਼ਮ

## ਘਰਾਂ ਨੂੰ ਸੁਰੱਖਿਅਤ ਰੱਖਣ ਲਈ ਕਿਰਾਏਦਾਰਾਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਇਮਾਰਤ ਦੇ ਮਾਲਕਾਂ ਨੂੰ ਕੀ ਕਰਨਾ ਚਾਹੀਦਾ ਹੈ

ਇਹ NYC ਸਿਹਤ ਵਿਭਾਗ ਦੇ ਬਰੋਸ਼ਰ ਦਾ ਇੱਕ ਪ੍ਰਿੰਟਰ-ਅਨੁਕੂਲ ਸੰਸਕਰਣ ਹੈ, ਜਿਸਦਾ ਸਿਰਲੇਖ ਹੈ "ਘਰ ਵਿੱਚ ਸੀਸੇ ਵਾਲੇ ਪੇਂਟ ਦੇ ਜੋਖ਼ਮ।"

ਸੀਸਾ ਇੱਕ ਜ਼ਹਿਰ ਹੈ, ਜੋ ਅਕਸਰ ਪੁਰਾਣੇ ਪੇਂਟ ਵਿੱਚ ਪਾਇਆ ਜਾਂਦਾ ਹੈ। ਸੀਸੇ ਦਾ ਜ਼ਹਿਰੀਲਾਪਣ ਬੱਚਿਆਂ ਵਿੱਚ ਸਿੱਖਣ ਅਤੇ ਵਿਵਹਾਰ ਸਬੰਧੀ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। 1960 ਤੋਂ ਪਹਿਲਾਂ ਬਣਾਈਆਂ ਗਈਆਂ ਇਮਾਰਤਾਂ ਦੀਆਂ ਕੰਧਾਂ, ਖਿੜਕੀਆਂ, ਵਿੰਡੋਸਿਲਜ਼, ਦਰਵਾਜ਼ਿਆਂ ਜਾਂ ਹੋਰ ਸਤਹਾਂ 'ਤੇ ਸੀਸੇ ਵਾਲਾ ਪੇਂਟ ਹੋ ਸਕਦਾ ਹੈ।

ਜੇਕਰ ਪੇਂਟ ਉਖੜਦਾ ਹੈ ਜਾਂ ਮੁਰੰਮਤ ਅਸੁਰੱਖਿਅਤ ਤਰੀਕੇ ਨਾਲ ਕੀਤੀ ਜਾਂਦੀ ਹੈ, ਤਾਂ ਸੀਸੇ ਵਾਲਾ ਪੇਂਟ ਅਤੇ ਧੂੜ ਤੁਹਾਡੇ ਘਰ ਵਿੱਚ ਫੈਲ ਸਕਦੇ ਹਨ। ਜਦੋਂ ਬੱਚੇ ਆਪਣੇ ਹੱਥਾਂ ਜਾਂ ਖਿਡੌਣਿਆਂ ਨੂੰ ਆਪਣੇ ਮੂੰਹਾਂ ਵਿੱਚ ਪਾਉਂਦੇ ਹਨ, ਤਾਂ ਉਹ ਸੀਸੇ ਦੀ ਧੂੜ ਨੂੰ ਨਿਗਲ ਸਕਦੇ ਹਨ।

ਕੁਝ ਪੁਰਾਣੀਆਂ ਕਿਰਾਏ ਦੀਆਂ ਇਮਾਰਤਾਂ ਦੇ ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਅਪਾਰਟਮੈਂਟਾਂ ਵਿੱਚ ਸੀਸੇ ਵਾਲੇ ਪੇਂਟ ਦੇ ਜੋਖਮਾਂ ਨੂੰ ਠੀਕ ਕਰਨਾ ਚਾਹੀਦਾ ਹੈ, ਜਿੱਥੇ 5 ਸਾਲ ਦੇ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਰਹਿੰਦੇ ਹਨ ਜਾਂ ਪ੍ਰਤੀ ਹਫ਼ਤਾ ਘੱਟੋ-ਘੱਟ 10 ਘੰਟੇ ਬਿਤਾਉਂਦੇ ਹਨ।

**ਸੀਸੇ ਵਾਲੇ ਪੇਂਟ ਦੇ ਜੋਖ਼ਮ** ਵਿੱਚ ਸੀਸੇ ਵਾਲਾ ਪੇਂਟ ਸ਼ਾਮਲ ਹੈ ਜੋ ਛਿੱਲਿਆ ਜਾਂਦਾ ਹੈ ਜਾਂ ਖ਼ਰਾਬ ਹੁੰਦਾ ਹੈ ਜਾਂ ਸਤਹਾਂ 'ਤੇ ਹੈ ਜਿਵੇਂ ਕਿ ਟੁਕੜੇ ਹੋਏ ਪਲਾਸਟਰ, ਸੜੀ ਹੋਈ ਲੱਕੜ ਅਤੇ ਉਹ ਦਰਵਾਜ਼ੇ ਅਤੇ ਖਿੜਕੀਆਂ ਜੋ ਇੱਕਠੇ ਛੂੰਹਦੀਆਂ, ਚਿਪਕਦੀਆਂ ਜਾਂ ਰਗੜਦੀਆਂ ਹਨ।

### ਇਮਾਰਤ ਦੇ ਮਾਲਕਾਂ ਨੂੰ ਇਹ ਕਰਨਾ ਚਾਹੀਦਾ ਹੈ:

- ਕਿਰਾਏਦਾਰਾਂ ਨੂੰ ਪੁੱਛਣ ਲਈ ਇੱਕ ਸਾਲਾਨਾ ਨੋਟਿਸ ਭੇਜੋ ਕਿ ਕੀ 5 ਸਾਲ ਜਾਂ ਇਸ ਤੋਂ ਘੱਟ ਉਮਰ ਦਾ ਕੋਈ ਬੱਚਾ ਰਹਿੰਦਾ ਹੈ ਜਾਂ ਉਨ੍ਹਾਂ ਦੇ ਅਪਾਰਟਮੈਂਟ ਵਿੱਚ ਪ੍ਰਤੀ ਹਫ਼ਤਾ ਘੱਟੋ-ਘੱਟ 10 ਘੰਟੇ ਬਿਤਾਉਂਦਾ ਹੈ।
- ਸੀਸੇ ਵਾਲੇ ਪੇਂਟ ਦੇ ਜੋਖਮਾਂ ਵਾਸਤੇ ਛੋਟੇ ਬੱਚਿਆਂ ਵਾਲੇ ਅਪਾਰਟਮੈਂਟਾਂ ਦੀ ਜਾਂਚ ਕਰੋ ਅਤੇ ਕਿਰਾਏਦਾਰਾਂ ਨੂੰ ਜਾਂਚ ਦੇ ਨਤੀਜੇ ਦਿਓ।
- ਸੁਰੱਖਿਅਤ ਕੰਮ ਦੇ ਅਭਿਆਸਾਂ ਦੀ ਵਰਤੋਂ ਕਰਕੇ ਕਿਰਾਏ ਵਾਲੀਆਂ ਸਾਰੀਆਂ ਇਕਾਈਆਂ ਵਿੱਚ ਸੀਸੇ ਵਾਲੇ ਪੇਂਟ ਦੇ ਜੋਖਮਾਂ ਨੂੰ ਠੀਕ ਕਰੋ। ਖਿੜਕੀਆਂ ਅਤੇ ਦਰਵਾਜ਼ਿਆਂ 'ਤੇ ਕੋਈ ਵੀ ਸੀਸੇ ਵਾਲਾ ਪੇਂਟ ਨਹੀਂ ਹੋਣਾ ਚਾਹੀਦਾ, ਜੋ ਕਿਸੇ ਨਵੇਂ ਕਿਰਾਏਦਾਰ ਦੇ ਅੰਦਰ ਜਾਣ ਤੋਂ ਪਹਿਲਾਂ ਛੂੰਹਦਾ, ਚਿਪਕਦਾ ਜਾਂ ਆਪਸ ਵਿੱਚ ਰਗੜਦਾ ਹੋਵੇ।
- ਜੇ ਅਪਾਰਟਮੈਂਟ ਵਿੱਚ ਰਹਿ ਰਹੇ ਕਿਰਾਏਦਾਰ ਨਾਲ ਸੀਸੇ ਵਾਲੇ ਪੇਂਟ ਦੇ ਜੋਖਮਾਂ ਨੂੰ ਸੁਰੱਖਿਅਤ ਤਰੀਕੇ ਨਾਲ ਠੀਕ ਨਹੀਂ ਕੀਤਾ ਜਾ ਸਕਦਾ ਤਾਂ ਅਸਥਾਈ ਰਿਹਾਇਸ਼ ਪ੍ਰਦਾਨ ਕਰੋ।
- ਜਦੋਂ ਕਿਸੇ ਕਮਰੇ ਵਿੱਚ 100 ਵਰਗ ਫੁੱਟ ਤੋਂ ਵੱਧ ਸੀਸੇ ਵਾਲਾ ਪੇਂਟ ਖ਼ਰਾਬ ਹੋ ਜਾਵੇ ਜਾਂ ਦੋ ਜਾਂ ਵੱਧ ਪੇਂਟ ਕੀਤੀਆਂ ਖਿੜਕੀਆਂ ਨੂੰ ਬਦਲਿਆ ਜਾਵੇ, ਤਾਂ ਨਿਊਯਾਰਕ ਸਿਟੀ (New York City, NYC) ਡਿਪਾਰਟਮੈਂਟ ਆਫ਼ ਹੈਲਥ ਐਂਡ ਮੈਂਟਲ ਹਾਈਜੀਨ ਨੂੰ ਸੂਚਿਤ ਕਰੋ।
- ਸੀਸੇ ਵਾਲੇ ਪੇਂਟ ਦੀਆਂ ਜਾਂਚਾਂ, ਨੋਟਿਸਾਂ ਅਤੇ ਮੁਰੰਮਤਾਂ ਨਾਲ ਸੰਬੰਧਿਤ ਰਿਕਾਰਡਾਂ ਨੂੰ ਘੱਟੋ-ਘੱਟ 10 ਸਾਲਾਂ ਤੱਕ ਸਾਂਭ ਕੇ ਰੱਖੋ।

### ਕਿਰਾਏਦਾਰਾਂ ਲਈ ਇਹ ਲਾਜ਼ਮੀ ਹੈ:

- ਸਾਲਾਨਾ ਨੋਟਿਸ ਭਰਨਾ ਅਤੇ 15 ਫਰਵਰੀ ਤੱਕ ਵਾਪਸ ਕਰਨਾ।
- ਜੇ ਉਨ੍ਹਾਂ ਦਾ ਕੋਈ ਬੱਚਾ ਹੈ ਜਾਂ ਜੇ 5 ਸਾਲ ਜਾਂ ਇਸ ਤੋਂ ਘੱਟ ਉਮਰ ਦਾ ਕੋਈ ਬੱਚਾ ਉਨ੍ਹਾਂ ਦੇ ਘਰ ਵਿੱਚ ਰਹਿਣ ਲਈ ਆਉਂਦਾ ਹੈ ਜਾਂ ਪ੍ਰਤੀ ਹਫ਼ਤਾ ਘੱਟੋ-ਘੱਟ 10 ਘੰਟੇ ਬਿਤਾਉਂਦਾ ਹੈ, ਤਾਂ ਆਪਣੇ ਇਮਾਰਤ ਦੇ ਮਾਲਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰਨਾ।

### ਸੁਰੱਖਿਅਤ ਕੰਮ ਅਭਿਆਸ:

- ਸੀਸੇ ਵਾਲੇ ਪੇਂਟ ਦੇ ਜੋਖਮਾਂ ਨੂੰ ਠੀਕ ਕਰਦੇ ਸਮੇਂ ਅਤੇ ਸੀਸੇ ਵਾਲੇ ਪੇਂਟ ਦੀਆਂ ਉਲੰਘਣਾਵਾਂ ਦੀਆਂ ਮੁਰੰਮਤਾਂ ਕਰਦੇ ਸਮੇਂ U.S. EPA-ਪ੍ਰਮਾਣਿਤ ਕਰਮਚਾਰੀਆਂ ਦੀ ਵਰਤੋਂ ਕਰੋ।
- ਕਾਰਜ ਖੇਤਰ ਦੇ ਬਾਹਰ ਚੇਤਾਵਨੀ ਚਿੰਨ੍ਹ ਲਗਾਓ।
- ਸਾਰਾ ਫਰਨੀਚਰ ਖਿਸਕਾ ਦਿਓ ਜਾਂ ਢੱਕ ਦਿਓ। ਫ਼ਰਸ਼ਾਂ, ਦਰਵਾਜ਼ਿਆਂ ਅਤੇ ਹੋਰ ਖੁੱਲੀਆਂ ਥਾਵਾਂ ਨੂੰ ਪਲਾਸਟਿਕ ਅਤੇ ਵਾਟਰਪਰੂਫ਼ ਟੇਪ ਨਾਲ ਬੰਦ ਕਰ ਦਿਓ।
- ਕਾਰਜ ਖੇਤਰ ਨੂੰ ਗਿੱਲੇ ਪੋਚੇ ਜਾਂ ਕਿਸੇ HEPA ਵੈਕਿਊਮ ਦੇ ਨਾਲ ਰੋਜ਼ਾਨਾ ਸਾਫ਼ ਕਰੋ। ਕੰਮ ਪੂਰਾ ਹੋਣ ਦੇ ਬਾਅਦ ਆਖ਼ਰੀ ਸਾਫ਼-ਸਫ਼ਾਈ ਵਾਸਤੇ, HEPA ਵੈਕਿਊਮ ਦੇ ਨਾਲ ਸਾਫ਼ ਕਰੋ, ਫਿਰ ਗਿੱਲਾ ਪੋਚਾ ਲਗਾਓ, ਉਸ ਤੋਂ ਬਾਅਦ ਦੁਬਾਰਾ ਫਿਰ HEPA ਵੈਕਿਊਮ ਦੇ ਨਾਲ ਸਾਫ਼ ਕਰੋ।
- ਕਿਸੇ ਸੁਤੰਤਰ EPA-ਪ੍ਰਮਾਣਿਤ ਠੇਕੇਦਾਰ ਨੂੰ ਕੰਮ ਹੋਣ ਤੋਂ ਬਾਅਦ ਧੂੜ ਦੇ ਪੂੰਝੇ (ਵਾਈਪਸ) ਉਤਾਰਨ ਲਈ ਕਹੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੀਸੇ ਦੀ ਧੂੜ ਦੇ ਪੱਧਰ ਸੁਰੱਖਿਅਤ ਹੋਣ।

**ਕਦੇ ਵੀ ਡ੍ਰਾਈ-ਸਕ੍ਰੈਪ ਜਾਂ ਡ੍ਰਾਈ-ਸੈਂਡ ਸੀਸੇ ਵਾਲਾ ਪੇਂਟ ਨਾ ਕਰੋ।**

**5-ਸਾਲ ਦੀ ਜਾਂਚ ਦੀ ਜ਼ਰੂਰਤ (2020 ਦਾ ਸਥਾਨਕ ਕਾਨੂੰਨ 31)**

ਇਮਾਰਤ ਮਾਲਕਾਂ ਨੂੰ ਅਗਸਤ 2025 ਤੱਕ ਜਾਂ 5 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਦੇ ਰਹਿਣ ਜਾਂ ਪ੍ਰਤੀ ਹਫ਼ਤਾ ਘੱਟੋ-ਘੱਟ 10 ਘੰਟੇ ਅਪਾਰਟਮੈਂਟ ਵਿੱਚ ਬਿਤਾਉਣ ਦੇ ਇੱਕ ਸਾਲ ਦੇ ਅੰਦਰ ਸਾਰੇ ਅਪਾਰਟਮੈਂਟਾਂ ਵਿੱਚ ਸੀਸੇ ਵਾਲੇ ਪੇਂਟ ਦੀ ਜਾਂਚ ਕਰਨੀ ਚਾਹੀਦੀ ਹੈ।

## ਸੀਸੇ ਵਾਲੇ ਪੇਂਟ ਦੀਆਂ ਉਲੰਘਣਾਵਾਂ

- ਜੇ ਕੋਈ ਕਿਰਾਏਦਾਰ **311** 'ਤੇ ਕੋਈ ਸ਼ਿਕਾਇਤ ਕਰਦਾ ਹੈ, ਤਾਂ NYC ਡਿਪਾਰਟਮੈਂਟ ਆਫ਼ ਹਾਉਸਿੰਗ ਪ੍ਰੀਜ਼ਰਵੇਸ਼ਨ ਐਂਡ ਡਿਵੈਲਪਮੈਂਟ (Housing Preservation and Development, HPD) ਪੁਰਾਣੀਆਂ ਇਮਾਰਤਾਂ ਵਿੱਚ ਛੋਟੇ ਬੱਚਿਆਂ ਵਾਲੇ ਅਪਾਰਟਮੈਂਟਾਂ ਦੀ ਜਾਂਚ ਕਰੇਗਾ।
- ਜੇ HPD ਨੂੰ ਸੀਸੇ ਵਾਲੇ ਪੇਂਟ ਦੇ ਜੋਖ਼ਮ ਦਾ ਪਤਾ ਲੱਗਦਾ ਹੈ, ਤਾਂ ਇਮਾਰਤ ਦੇ ਮਾਲਕ ਨੂੰ ਇੱਕ ਉਲੰਘਣਾ ਪ੍ਰਾਪਤ ਹੋਵੇਗੀ ਅਤੇ ਉਸਨੂੰ ਇੱਕ ਨਿਸ਼ਚਿਤ ਸਮੇਂ ਤੱਕ ਜੋਖ਼ਮ ਨੂੰ ਠੀਕ ਕਰਨ ਦੀ ਲੋੜ ਹੋਵੇਗੀ।
- ਸੀਸੇ ਵਾਲੇ ਪੇਂਟ ਦੇ ਜੋਖ਼ਮ ਦੀਆਂ ਉਲੰਘਣਾਵਾਂ ਨੂੰ ਠੀਕ ਕਰਨ ਲਈ ਜਾਂ ਸੀਸੇ ਵਾਲੇ ਪੇਂਟ ਨੂੰ ਹਟਾਉਣ ਲਈ ਇਮਾਰਤ ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਸੁਰੱਖਿਅਤ ਕੰਮ ਦੇ ਅਭਿਆਸਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ, **nyc.gov/hpd** 'ਤੇ ਜਾਓ ਅਤੇ **ਸੀਸਾ-ਆਧਾਰਿਤ ਪੇਂਟਦੀ ਤਲਾਸ਼ ਕਰੋ।**
- HPD ਸਾਰੀਆਂ ਉਲੰਘਣਾਵਾਂ ਦੀ ਦੁਬਾਰਾ ਜਾਂਚ ਕਰੇਗਾ ਅਤੇ ਨਾਲ ਹੀ ਸੀਸੇ ਵਾਲੇ ਪੇਂਟ ਦੇ ਕਿਸੇ ਵੀ ਜੋਖਮਾਂ ਨੂੰ ਠੀਕ ਕਰੇਗਾ, ਜੋ ਇਮਾਰਤ ਮਾਲਕ ਨਹੀਂ ਕਰਦਾ। ਕਿਰਾਏਦਾਰਾਂ ਨੂੰ ਕੋਈ ਵੀ ਲੋੜੀਂਦੀਆਂ ਮੁਰੰਮਤਾਂ ਕਰਨ ਲਈ HPD ਨੂੰ ਉਨ੍ਹਾਂ ਦੇ ਅਪਾਰਟਮੈਂਟ ਵਿੱਚ ਦਾਖਲ ਹੋਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।
- HPD ਇਮਾਰਤ ਦੇ ਰਿਕਾਰਡਾਂ ਦੀ ਆਡਿਟ ਕਰ ਸਕਦਾ ਹੈ ਅਤੇ ਸੀਸੇ ਵਾਲੇ ਪੇਂਟ ਦੇ ਜੋਖਮਾਂ ਲਈ ਅਤੇ ਖਾਲੀ ਥਾਂ ਦੌਰਾਨ ਕੰਮ ਦਾ ਸੰਚਾਲਨ ਕਰਨ ਵਿੱਚ ਅਸਫਲ ਰਹਿਣ ਲਈ ਪੂਰੀਆਂ ਇਮਾਰਤਾਂ ਦੀ ਜਾਂਚ ਕਰ ਸਕਦਾ ਹੈ।

## ਸੀਸੇ ਦੇ ਜ਼ਹਿਰੀਲੇਪਣ ਨੂੰ ਰੋਕਣ ਵਿੱਚ ਮਦਦ ਕਰਨਾ:

- ਇਨ੍ਹਾਂ ਗੱਲਾਂ ਲਈ **311** 'ਤੇ ਕਾਲ ਕਰੋ:
  - ਸੀਸੇ ਦੀ ਜਾਂਚ ਪ੍ਰਾਪਤ ਕਰਨ ਬਾਰੇ ਸਿੱਖਣ ਲਈ।
  - ਜੇ ਤੁਹਾਡਾ ਇਮਾਰਤ ਮਾਲਕ ਉਖੜੇ ਹੋਏ ਪੇਂਟ ਨੂੰ ਠੀਕ ਨਹੀਂ ਕਰਦਾ ਜਾਂ ਅਸੁਰੱਖਿਅਤ ਮੁਰੰਮਤਾਂ ਕਰ ਰਿਹਾ ਹੈ, ਤਾਂ ਉਸਦੀ ਰਿਪੋਰਟ ਕਰਨ ਲਈ।
  - ਪੀਣ ਵਾਲੇ ਪਾਣੀ ਵਾਸਤੇ ਇੱਕ ਮੁਫ਼ਤ ਸੀਸੇ ਦੀ ਜਾਂਚ ਕਰਨ ਦੀ ਕਿੱਟ ਦਾ ਆਰਡਰ ਦੇਣ ਲਈ।
  - ਇਸ ਦਸਤਾਵੇਜ਼ ਦੇ ਬਰੋਸ਼ਰ ਸੰਸਕਰਣ ਦੀਆਂ ਕਾਪੀਆਂ ਲਈ ਜਾਂ ਸੀਸੇ ਬਾਰੇ ਹੋਰ ਸਮੱਗਰੀਆਂ ਦਾ ਆਰਡਰ ਦੇਣ ਲਈ।
- ਫਰਸ਼ਾਂ, ਖਿੜਕੀਆਂ ਦੀਆਂ ਸਿਲਾਂ, ਹੱਥਾਂ, ਖਿਡੌਣਿਆਂ ਅਤੇ ਪੇਸੀਫਾਇਰਾਂ(ਚੂਸਣ ਵਾਲੀ ਨਿੱਪਲ) ਨੂੰ ਅਕਸਰ ਧੋਵੋ।
- ਸੀਸੇ ਵਾਸਤੇ ਆਪਣੇ ਬੱਚੇ ਦੀ ਜਾਂਚ ਕਰਨ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਕਿਸੇ ਪ੍ਰਦਾਤਾ ਨੂੰ ਲੱਭਣ ਵਿੱਚ ਸਹਾਇਤਾ ਲਈ, **311** ਜਾਂ 844-692-4692 'ਤੇ ਕਾਲ ਕਰੋ।

ਕਿਰਾਏ ਦੀਆਂ ਯੂਨਿਟਾਂ ਵਾਲੇ ਇਮਾਰਤ ਦੇ ਮਾਲਕਾਂ ਨੂੰ ਲਾਜ਼ਮੀ ਤੌਰ 'ਤੇ ਇਸ ਦਸਤਾਵੇਜ਼ ਜਾਂ ਬ੍ਰੋਸ਼ਰ ਸੰਸਕਰਣ (ਜਿਸਦਾ ਸਿਰਲੇਖ "ਘਰ ਵਿੱਚ ਸੀਸੇ ਵਾਲੇ ਪੇਂਟ ਦਾ ਜੋਖ਼ਮ") ਦੀ ਇੱਕ ਪ੍ਰਿੰਟਿਡ ਜਾਂ ਡਿਜੀਟਲ ਕਾਪੀ ਕਿਰਾਏਦਾਰਾਂ ਨੂੰ ਉਸ ਸਮੇਂ ਦੇਣੀ ਚਾਹੀਦੀ ਹੈ ਜਦੋਂ ਉਹ ਪਟੇ 'ਤੇ ਦਸਤਖ਼ਤ ਕਰਦੇ ਹਨ ਜਾਂ ਕਿਸੇ ਅਪਾਰਟਮੈਂਟ ਵਿੱਚ ਚਲੇ ਜਾਂਦੇ ਹਨ ਜੇ ਇਮਾਰਤ 1960 ਤੋਂ ਪਹਿਲਾਂ ਬਣਾਈ ਗਈ ਸੀ (ਜਾਂ 1960 ਅਤੇ 1978 ਦੇ ਵਿਚਕਾਰ ਜੇਕਰ ਇਸ ਵਿੱਚ ਸੀਸੇ ਵਾਲਾ ਪੇਂਟ ਹੈ)। ਇਸ ਦਸਤਾਵੇਜ਼ ਅਤੇ ਬ੍ਰੋਸ਼ਰ ਸੰਸਕਰਣ ਵਿੱਚ ਸੀਸੇ ਵਾਲੇ ਪੇਂਟ ਬਾਰੇ ਮੁੱਢਲੀ ਜਾਣਕਾਰੀ ਹੈ, ਨਾ ਕਿ ਕਾਨੂੰਨੀ ਸਲਾਹ।

ਇਸ ਬਾਰੇ ਹੋਰ ਜਾਣਕਾਰੀ ਲਈ:

- ਸੀਸੇ ਦੇ ਜ਼ਹਿਰੀਲੇਪਣ ਦੀ ਰੋਕਥਾਮ ਲਈ, **nyc.gov/lead** 'ਤੇ ਜਾਓ
- ਇਮਾਰਤ ਦੇ ਮਾਲਕਾਂ ਲਈ ਸੀਸੇ ਦੇ ਜ਼ਹਿਰੀਲੇਪਣ ਲਈ, **nyc.gov/health** 'ਤੇ ਜਾਓ ਅਤੇ **ਸੀਸੇ ਅਤੇ ਇਮਾਰਤ ਦੇ ਮਾਲਕਾਂ ਦੀ ਤਲਾਸ਼ ਕਰੋ**
- ਕਾਨੂੰਨ ਅਤੇ ਲਾਗੂ ਹੋਣ ਵਾਲੇ ਨਿਯਮ, ਵੈਬੀਨਾਰ ਅਤੇ ਮਾਲਕ ਦੇ ਮਾਰਗ ਦਰਸ਼ਨ ਲਈ, **nyc.gov/hpd** 'ਤੇ ਜਾਓ ਅਤੇ **ਸੀਸੇ ਦੇ ਜ਼ਹਿਰੀਲੇਪਣ ਦੀ ਤਲਾਸ਼ ਕਰੋ**

NYC | Department of Health & Mental Hygiene | Department of Housing Preservation and Development

4.23 Punjabi